29 ਸਤੰਬਰ, 2023

# ਸਿਟੀ ਆਫ ਬ੍ਰੈਂਪਟਨ ਨੇ ਐਨੀਮਲ ਲਾਇਸੈਂਸਿੰਗ ਸਿਸਟਮ ਦਾ ਵਿਸਤਾਰ ਕੀਤਾ ਹੈ

ਬ੍ਰੈਂਪਟਨ, ਓਨਟੈਰੀਓ – 1 ਨਵੰਬਰ ਤੋਂ, ਬ੍ਰੈਂਪਟਨ ਦੇ ਵਸਨੀਕ ਹੁਣ, ਆਪਣੇ ਪਾਲਤੂ ਜਾਨਵਰਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ, ਕੁੱਤੇ ਅਤੇ ਬਿੱਲੀ ਲਈ ਇੱਕ-ਸਾਲਾ ਜਾਂ ਦੋ-ਸਾਲਾ ਦੇ ਲਾਇਸੈਂਸ ਖਰੀਦ ਸਕਦੇ ਹਨ। ਸਿਟੀ ਆਫ ਬ੍ਰੈਂਪਟਨ ਨੇ, ਆਪਣੇ ਪਾਲਤੂ ਜਾਨਵਰ ਲਾਇਸੈਂਸਿੰਗ ਸਿਸਟਮ ਦਾ ਵਿਸਤਾਰ ਕੀਤਾ ਹੈ, ਇਸ ਵਿੱਚ ਖਰੀਦ ਦੀ ਤਾਰੀਖ ਤੋਂ ਕੈਲੰਡਰ ਸਾਲ ਐਕਸਪਾਇਰੀ ਨੂੰ 365 ਜਾਂ 730 ਦਿਨਾਂ ਤੱਕ ਬਦਲ ਦਿੱਤਾ ਹੈ।

**ਨਵੇਂ ਸਮਾਰਟ ਪਾਲਤੂ ਜਾਨਵਰ ਟੈਗਸ**

ਜੋ ਵਸਨੀਕ ਪਾਲਤੂ ਜਾਨਵਰ ਦਾ ਲਾਇਸੈਂਸ ਖਰੀਦਦੇ ਹਨ, ਹੁਣ ਉਹਨਾਂ ਨੂੰ ਇੱਕ "ਸਮਾਰਟ" ਪਾਲਤੂ ਜਾਨਵਰ ਟੈਗ ਮਿਲੇਗਾ। ਹਰੇਕ ਮਾਲਕ ਨੂੰ, ਪ੍ਰਤੀ ਪਾਲਤੂ ਜਾਨਵਰ ਇੱਕ ਟੈਗ ਮਿਲੇਗਾ। ਪਾਲਤੂ ਜਾਨਵਰ ਟੈਗਸ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਜੇਕਰ ਪਾਲਤੂ ਜਾਨਵਰ ਗੁਆਚ ਜਾਂਦਾ ਹੈ, ਤਾਂ ਐਨੀਮਲ ਸਰਵਿਸਿਜ ਤੁਰੰਤ ਉਹਨਾਂ ਨੂੰ ਉਹਨਾਂ ਦੇ ਪਰਿਵਾਰ ਨਾਲ ਮਿਲਾ ਸਕਦਾ ਹੈ। ਪਹਿਲੇ ਸਾਲ ਦੇ ਅੰਦਰ ਗੁਆਚੇ ਟੈਗਸ ਨੂੰ, 5 ਡਾਲਰ ਦੀ ਫੀਸ ਦੇ ਕੇ ਬਦਲਿਆ ਜਾ ਸਕਦਾ ਹੈ। ਖਰਾਬ ਟੈਗਸ ਅਤੇ ਪਹਿਲੇ ਸਾਲ ਦੇ ਬਾਅਦ ਗੁਆਚੇ ਟੈਗਸ ਨੂੰ ਮੁਫਤ ਵਿੱਚ ਬਦਲਿਆ ਜਾਵੇਗਾ। ਨਵਾਂ ਸਮਾਰਟ ਟੈਗ ਸਿਸਟਮ ਨਾ ਸਿਰਫ ਗੁਆਚੇ ਪਾਲਤੂ ਜਾਨਵਰਾਂ ਨੂੰ ਉਹਨਾਂ ਦੇ ਮਾਲਕਾਂ ਨਾਲ ਮਿਲਾਉਣ ਵਿੱਚ ਮਦਦ ਕਰੇਗਾ, ਬਲਕਿ ਇਹ ਯਕੀਨੀ ਬਣਾਉਂਦੇ ਹੋਏ ਇਹ ਪਾਲਤੂ ਜਾਨਵਰਾਂ ਦੇ ਟੈਗਸ ਲਈ ਇੱਕ ਵੱਧ ਸਥਿਰ ਦ੍ਰਿਸ਼ਟੀਕੋਣ ਹੈ ਕਿ ਵਰਤੇ ਹੋਏ ਟੈਗਸ ਹਰ ਸਾਲ ਕੂੜੇ ਵਿੱਚ ਨਹੀਂ ਸੁੱਟੇ ਜਾਂਦੇ।

ਤੁਹਾਡੇ ਪਾਲਤੂ ਜਾਨਵਰ ਦੀ ਲਾਇਸੈਂਸਿੰਗ ਮਹੱਤਵਪੂਰਨ ਹੈ। ਕਿਸੇ ਨੂੰ ਵੀ ਉਮੀਦ ਨਹੀਂ ਹੁੰਦੀ ਕਿ ਉਹਨਾਂ ਦਾ ਪਾਲਤੂ ਜਾਨਵਰ ਗੁਆਚ ਜਾਵੇਗਾ, ਪਰੰਤੂ ਦੁਰਘਟਨਾਵਾਂ ਹੁੰਦੀਆਂ ਹਨ ਅਤੇ ਲਾਇਸੈਂਸਿੰਗ ਇਹ ਯਕੀਨੀ ਬਣਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਗੁਆਚੇ ਹੋਏ ਪਾਲਤੂ ਜਾਨਵਰ, ਸੁਰੱਖਿਅਤ ਰੂਪ ਨਾਲ ਘਰ ਆ ਸਕਣ।

ਮਿਊਨਿਸਿਪਲ ਬਾਇ-ਲਾਅਜ ਹੇਠ, ਬ੍ਰੈਂਪਟਨ ਵਿੱਚ ਸਾਰੇ ਕੁੱਤਿਆਂ ਅਤੇ ਬਿੱਲੀਆਂ ਲਈ ਸਿਟੀ ਦਾ ਲਾਇਸੈਂਸ ਲੈਣਾ ਲਾਜ਼ਮੀ ਹੈ। ਲਾਇਸੈਂਸਾਂ ਤੋਂ ਇਕੱਤਰ ਕੀਤਾ ਪੈਸਾ, ਜਾਨਵਰਾਂ ਦੀ ਦੇਖਭਾਲ ਕਰਨ ਲਈ ਵਾਪਸ ਚਲਾ ਜਾਂਦਾ ਹੈ, ਜੋ ਹਰ ਰੋਜ਼ ਸਿਟੀ ਦੇ ਸ਼ੈਲਟਰ ਦੇ ਦਰਵਾਜਿਆਂ ਤੇ ਆਉਂਦੇ ਹਨ।

ਵਸਨੀਕ, ਔਨਲਾਈਨ, ਖੁਦ ਜਾ ਕੇ, ਟੈਲੀਫੋਨ ਰਾਹੀਂ ਜਾਂ ਡਾਕ ਦੁਆਰਾ ਅੱਜ ਹੀ ਆਪਣੇ ਪਾਲਤੂ ਜਾਨਵਰ ਦਾ ਲਾਇਸੈਂਸ ਲੈ ਸਕਦੇ ਹਨ।

ਵਧੇਰੇ ਜਾਣਕਾਰੀ, www.brampton.ca/animalservices ਤੇ ਪ੍ਰਾਪਤ ਕਰੋ।

**ਵਾਧੂ ਲਿੰਕ ਅਤੇ ਵਸੀਲੇ**

- ਬ੍ਰੈਂਪਟਨ ਐਨੀਮਲ ਸਰਵਿਸਿਜ – ਤੁਹਾਡੇ ਪਾਲਤੂ ਜਾਨਵਰ ਦਾ ਲਾਇਸੈਂਸ ਲੈਣਾ (Brampton Animal Services – Getting your Pet Licence)
- ਬ੍ਰੈਂਪਟਨ ਐਨੀਮਲ ਸਰਵਿਸਿਜ – ਔਨਲਾਈਨ ਆਪਣੇ ਪਾਲਤੂ ਜਾਨਵਰ ਦਾ ਲਾਇਸੈਂਸ ਲਵੋ (Brampton Animal Services – License Your Pet Online)
- ਬ੍ਰੈਂਪਟਨ ਐਨੀਮਲ ਸਰਵਿਸਿਜ - ਤੁਹਾਡੇ ਪਾਲਤੂ ਜਾਨਵਰ ਦਾ ਲਾਇਸੈਂਸ ਲੈਣਾ – ਅਕਸਰ ਪੁੱਛੇ ਗਏ ਸਵਾਲ (Licensing your pet – Frequently Asked Questions)

-30-

**ਮੀਡੀਆ ਸੰਪਰਕ**

BRAMPTON **Service and Information Update**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca